FOR IMMEDIATE RELEASE CITY OF SURREY

MEDIA RELEASE

# ਸਰੀ ਕਾਉਂਸਿਲ ਫਰੇਜ਼ਰ ਨਦੀ 'ਤੇ ਅਸਥੀਆਂ ਜਲ ਪ੍ਰਵਾਹ ਲਈ ਪੀਅਰ ਬਣਾਉਣ 'ਤੇ ਵਿਚਾਰ ਕਰੇਗੀ

ਤੁਰੰਤ ਰਿਲੀਜ਼: ਅਕਤੂਬਰ 21, 2024

**ਸਰੀ, ਬੀ ਸੀ** - ਅੱਜ ਰਾਤ ਨੂੰ ਰੈਗੂਲਰ ਕੌਂਸਲ ਦੀ ਮੀਟਿੰਗ ਦੌਰਾਨ, ਸਰੀ ਸਿਟੀ ਕਾਉਂਸਿਲ ਫਰੇਜ਼ਰ ਨਦੀ 'ਤੇ ਅਸਥੀਆਂ ਦੇ ਜਲ ਪ੍ਰਵਾਹ ਕਰਨ ਲਈ ਇੱਕ ਪੀਅਰ ਬਣਾਉਣ 'ਤੇ ਵਿਚਾਰ ਕਰੇਗੀ। ਸਿਟੀ ਦੇ ਪਾਰ੍ਕਸ, ਰੀਕਰੈਸ਼ਨ ਅਤੇ ਕਲਚਰ ਵਿਭਾਗ ਨੇ ਕਾਉਂਸਿਲ ਨੂੰ ਸਿਫ਼ਾਰਸ਼ ਕੀਤੀ ਹੈ ਕਿ, ਬ੍ਰਾਊਨਸਵਿਲੇ ਬਾਰ ਪਾਰਕ ਜਾਂ ਸਰੀ ਪਬਲਿਕ ਵਾਰਫ਼, ਸੰਭਾਵੀ ਟਿਕਾਣਿਆਂ ਤੇ ਇੱਕ ਸਥਿਰ ਪੀਅਰ ਦੇ ਵਿਕਾਸ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਇਸ ਸਭ ਦਾ ਮਕਸਦ, ਪਰਿਵਾਰਾਂ ਨੂੰ ਆਪਣੇ ਅਜ਼ੀਜ਼ਾਂ ਦੀ ਯਾਦ ਮਨਾਉਣ ਲਈ ਇੱਕ ਸ਼ਾਂਤਮਈ ਮਾਹੌਲ ਦੇਣਾ ਹੈ, ਤਾਂ ਜੋ ਉਹ ਆਪਣੇ ਵਿਛੜ ਚੁੱਕੇ ਪਿਆਰਿਆਂ ਦੀਆਂ ਆਖਰੀ ਰਸਮਾਂ, ਇਥੇ ਸ਼ਰਧਾ ਭੂਰਵਕ ਕਰ ਸਕਣ ।

*ਮੇਅਰ ਬਰੈਂਡਾ ਲੌਕ ਨੇ ਕਿਹਾ, "ਸਾਡਾ ਭਾਈਚਾਰਾ ਇੱਕ ਅਜਿਹੀ ਥਾਂ ਦਾ ਹੱਕਦਾਰ ਹੈ, ਜਿੱਥੇ ਪਰਿਵਾਰ ਆਪਣੇ ਅਜ਼ੀਜ਼ਾਂ ਦਾ ਵਧੀਆ ਢੰਗ ਨਾਲ ਸਨਮਾਨ ਕਰ ਸਕਣ"। "ਅਸਥੀਆਂ ਪ੍ਰਾਹਉਣ ਲਈ ਇੱਕ ਸਥਿਰ ਪੀਅਰ, ਨਾ ਸਿਰਫ਼ ਸੱਭਿਆਚਾਰਕ ਰਸਮਾਂ ਦਾ ਸਨਮਾਨ ਕਰੇਗਾ , ਸਗੋਂ ਬਹੁਤ ਸਾਰੇ ਲੋਕਾਂ ਲਈ ਇਹ ਕੁਦਰਤ ਨਾਲ ਜੁੜਨ ਤੇ ਉਨਾਂ ਦੇ ਦੁੱਖ 'ਚ ਦਿਲਾਸੇ ਦਾ ਜ਼ਰੀਆ ਵੀ ਹੈ। ਇਹ ਪ੍ਰੋਜੈਕਟ ਭਾਈਚਾਰੇ ਨੂੰ ਉਹਨਾਂ ਦੇ ਸਭ ਤੋਂ ਮੁਸ਼ਕਲ ਸਮੇਂ ਵਿੱਚ ਸਹਾਇਤਾ ਕਰਨ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ"।*

ਸਰੀ ਸਿਟੀ ਵਲੋਂ ਸਨੀਸਾਈਡ ਲਾਅਨ ਕਬਰਸਤਾਨ ਵਿਖੇ ਪਹਿਲਾਂ ਵੀ 'ਸਕੈਟਰਿੰਗ ਗਾਰਡਨ' ਮੁਹੱਈਆ ਕੀਤਾ ਹੋਇਆ ਹੈ, ਪਰ ਉਥੇ ਪਾਣੀ ਦੀ ਸਹੂਲਤ ਨਹੀਂ ਹੈ ਤੇ ਬਹੁਤ ਸਾਰੇ ਲੋਕਾਂ ਅਨੁਸਾਰ, ਅਸਥੀਆਂ ਜਲ ਪ੍ਰਵਾਹ ਦੀ ਪਵਿੱਤਰ ਰਸਮ, ਨਾ ਸਿਰਫ਼ ਉਨਾਂ ਨੂੰ ਸ਼ਾਂਤੀ ਦਿੰਦੀ ਅਤੇ ਦੁੱਖ 'ਚੋਂ ਬਾਹਰ ਕੱਢਣ 'ਚ ਮੱਦਦ ਕਰਦੀ ਹੈ, ਸਗੋਂ ਵਿਅਕਤੀ ਦੀ ਕੁਦਰਤ ਵੱਲ ਵਾਪਸੀ ਦਾ ਪ੍ਰਤੀਕ ਵੀ ਹੈ।

2021 ਵਿੱਚ, ਸਟਾਫ਼ ਨੇ ਬ੍ਰਾਊਨਸਵਿਲੇ ਬਾਰ ਪਾਰਕ ਵਿੱਚ ਅਸਥੀਆਂ ਪ੍ਰਾਹਉਣ ਲਈ ਇੱਕ ਪੀਏਰ ਬਣਾਉਣ ਦੇ ਵਿਕਲਪ ਬਾਰੇ ਖੋਜ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਬਾਰੇ ਸ਼ੁਰੂਆਤੀ ਮੁਲਾਂਕਣ ਹੋਇਆ ਸੀ, ਪਰ ਕੌਂਸਲ ਦੁਆਰਾ ਕੋਈ ਰਸਮੀ ਨਿਰਦੇਸ਼ ਨਹੀਂ ਦਿੱਤਾ ਗਿਆ ਸੀ ਅਤੇ ਇਸ ਪ੍ਰੋਜੈਕਟ ਲਈ ਕੋਈ ਬਜਟ ਵੀ ਜ਼ਾਰੀ ਨਹੀਂ ਕੀਤਾ ਗਿਆ ਸੀ।

ਜੇਕਰ ਸਰੀ ਸਿਟੀ ਕਾਉਂਸਿਲ 21 ਅਕਤੂਬਰ ਨੂੰ ਇਸ ਉਪਰਾਲੇ ਦਾ ਸਮਰਥਨ ਕਰਦੀ ਹੈ, ਤਾਂ ਸਟਾਫ ਇਸ ਨੂੰ ਅੱਗੇ ਵਧਾਉਣ ਲਈ ਪ੍ਰਵਾਨਗੀਆਂ ਅਤੇ ਫੰਡਿੰਗ ਲੋੜਾਂ ਦੀ ਹੋਰ ਪੜਚੋਲ ਕਰੇਗਾ, ਜਿਸਦੀ ਅਨੁਮਾਨਿਤ ਉਸਾਰੀ ਲਾਗਤ $2.5 ਮਿਲੀਅਨ ਤੋਂ $3.8 ਮਿਲੀਅਨ ਤੱਕ ਹੋਵੇਗੀ। ਜੇਕਰ ਪ੍ਰੋਜੈਕਟ ਅੱਗੇ ਵਧਦਾ ਹੈ, ਤਾਂ ਅਗਲੇ ਕਦਮਾਂ ਦੀ ਰੂਪਰੇਖਾ ਦੇਣ ਵਾਲੀ ਇੱਕ ਰਿਪੋਰਟ, ਅੰਤਮ ਪ੍ਰਵਾਨਗੀ ਲਈ 2025 ਵਿੱਚ ਕੌਂਸਲ ਨੂੰ ਪੇਸ਼ ਕੀਤੀ ਜਾਵੇਗੀ।

-30-

**ਮੀਡੀਆ ਇਨਕੁਆਰੀ:**

**ਪ੍ਰਭਜੋਤ ਕਾਹਲੋਂ**

ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ

ਸਿਟੀ ਆਫ ਸਰੀ

Prabhjot.kahlon@surrey.ca
C :236-878-6263